cfa.vic.gov.au/languages

## ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Period) ਜਾਂ ਅੱਗ ਬਾਲਣ ‘ਤੇ ਪੂਰਨ ਪਾਬੰਦੀ (Total Fire Ban)

# ਇਨ੍ਹਾਂ ਵਿੱਚ ਕੀ ਫ਼ਰਕ ਹੈ?



## ਅੱਗ ਲੱਗਣ ਦੇ ਖ਼ਤਰੇ ਦੇ ਸਮੇਂ, ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ, ਚੇਤਾਵਨੀਆਂ ਅਤੇ ਅੱਗ ਬਾਲਣ 'ਤੇ ਪੂਰਨ ਪਾਬੰਦੀ - ਉਨ੍ਹਾਂ ਦਾ ਕੀ ਮਤਲਬ ਹੈ?

### ਅੱਗ ਲੱਗਣ ਦੇ ਖ਼ਤਰੇ ਦੇ ਸਮੇਂ (Fire Danger Periods)

**ਅੱਗ ਲੱਗਣ ਦੇ ਖ਼ਤਰੇ ਦਾ ਸਮਾਂ (Fire Danger Period)** ਉਹ ਸਮਾਂ ਹੁੰਦਾ ਹੈ ਜਦੋਂ CFA ਸਾਲ ਦੇ ਗਰਮ ਸਮੇਂ ਵਿੱਚ ਅੱਗ ਦੀ ਵਰਤੋਂ 'ਤੇ ਪਾਬੰਦੀ ਲਗਾਉਂਦਾ ਹੈ। ਇਹ ਨਿਯਮ ਅੱਗ ਲੱਗਣ ਤੋਂ ਰੋਕਣ ਵਿੱਚ ਮੱਦਦ ਕਰਦੇ ਹਨ। ਅੱਗ ਲੱਗਣ ਦੇ ਖ਼ਤਰੇ ਦਾ ਸਮਾਂ (Fire Danger Period) ਕਈ ਮਹੀਨਿਆਂ ਤੱਕ ਰਹਿ ਸਕਦਾ ਹੈ, ਅਤੇ ਹਰੇਕ ਸਥਾਨਕ ਸਰਕਾਰੀ ਖੇਤਰ (ਸ਼ਾਇਰ ਜਾਂ ਕੌਂਸਲ) ਲਈ ਸ਼ੁਰੂਆਤੀ ਮਿਤੀ ਅਤੇ ਸਮਾਪਤੀ ਮਿਤੀ ਵੱਖਰੀ ਹੁੰਦੀ ਹੈ। ਇਹ ਮਿਤੀਆਂ ਮੀਂਹ ਦੀ ਮਾਤਰਾ, ਬਨਸਪਤੀ ਦੀ ਖੁਸ਼ਕੀ ਅਤੇ ਹੋਰ ਸਥਾਨਕ ਸਥਿਤੀਆਂ 'ਤੇ ਨਿਰਭਰ ਕਰਦੀਆਂ ਹਨ।

### ਅੱਗ ਬਾਲਣ 'ਤੇ ਪੂਰਨ ਪਾਬੰਦੀ ਦੇ ਦਿਨ (Total Fire Ban Days)

ਜਦੋਂ ਅੱਗ ਲੱਗਣ ਦਾ ਜ਼ੋਖਮ ਬਹੁਤ ਜ਼ਿਆਦਾ ਹੁੰਦਾ ਹੈ ਤਾਂ **ਅੱਗ ਲਗਾਉਣ 'ਤੇ ਪੂਰਨ ਪਾਬੰਦੀ (Total Fire Bans)** ਇੱਕ ਜਾਂ ਇੱਕ ਤੋਂ ਵੱਧ ਦਿਨਾਂ ਲਈ ਲਗਾਈ ਜਾਂਦੀ ਹੈ। ਅੱਗ ਬਾਲਣ 'ਤੇ ਪੂਰਨ ਪਾਬੰਦੀ ਵਾਲੇ ਦਿਨਾਂ (Total Fire Ban Days) ਵਿੱਚ ਸਾਰੀਆਂ ਅੱਗਾਂ* 'ਤੇ ਪਾਬੰਦੀ ਲਗਾਈ ਜਾਂਦੀ ਹੈ।

### ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ (Fire Danger Ratings)

ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ (Fire Danger Ratings) ਤੁਹਾਨੂੰ ਦੱਸਦੀਆਂ ਹਨ ਕਿ ਜੇਕਰ ਅੱਗ ਲੱਗ ਜਾਂਦੀ ਹੈ ਤਾਂ ਇਹ ਕਿੰਨੀ ਖ਼ਤਰਨਾਕ ਹੋਵੇਗੀ। ਤੁਸੀਂ ਉਨ੍ਹਾਂ ਦੀ ਵਰਤੋਂ ਇਹ ਤੈਅ ਕਰਨ ਲਈ ਕਰਦੇ ਹੋ ਕਿ ਤੁਹਾਨੂੰ ਆਪਣੇ-ਆਪ ਨੂੰ ਅਤੇ ਦੂਜਿਆਂ ਨੂੰ ਜੰਗਲ ਦੀ ਅੱਗ (ਬੁਸ਼ਫਾਇਰ) ਅਤੇ ਘਾਹ ਦੀ ਅੱਗ ਤੋਂ ਬਚਾਉਣ ਲਈ ਕਿਹੜੀਆਂ ਕਾਰਵਾਈਆਂ ਕਰਨ ਦੀ ਲੋੜ ਹੈ।

### ਚੇਤਾਵਨੀਆਂ

ਚੇਤਾਵਨੀਆਂ ਤੁਹਾਨੂੰ ਦੱਸਦੀਆਂ ਹਨ ਕਿ ਅੱਗ ਕਦੋਂ ਪਹਿਲਾਂ ਹੀ ਲੱਗ ਚੁੱਕੀ ਹੈ, ਇਸ ਲਈ ਉਨ੍ਹਾਂ ਵੱਲ ਧਿਆਨ ਦਿਓ ਖ਼ਾਸ ਕਰਕੇ ਗਰਮ, ਸੁੱਕੇ ਤੇਜ਼ ਹਵਾਵਾਂ ਚੱਲਣ ਵਾਲੇ ਦਿਨਾਂ ਵਿੱਚ।

cfa.vic.gov.au/aboutfiredangerperiod 'ਤੇ ਜਾਓ।**

* ਪਾਬੰਦੀਸ਼ੁਦਾ ਸਥਿਤੀਆਂ ਵਿੱਚ ਜਿੱਥੇ ਅੱਗ ਬਾਲਣਾ ਜ਼ਰੂਰੀ ਹੈ, ਇੱਕ ਵਿਸ਼ੇਸ਼ ਟੋਟਲ ਫਾਇਰ ਬੈਨ (Total Fire Ban) ਪਰਮਿਟ ਉਪਲਬਧ ਹੈ। ਇਸ ਬਾਰੇ ਵੇਰਵਿਆਂ ਲਈ ਕਿ ਅਰਜ਼ੀ ਕਿਵੇਂ ਦੇਣੀ ਹੈ, CFA ਦੀ ਵੈੱਬਸਾਈਟ ਦੇਖੋ। ਮੌਜੂਦਾ ਟੋਟਲ ਫਾਇਰ ਬੈਨ (Total Fire Ban) ਪਰਮਿਟ ਤੋਂ ਬਿਨਾਂ, ਤੁਹਾਨੂੰ ਅੱਗ ਬਾਲਣ 'ਤੇ ਪੂਰਨ ਪਾਬੰਦੀ ਵਾਲੇ ਦਿਨਾਂ (Total Fire Ban Days) ਵਿੱਚ ਅੱਗ ਦੀ ਵਰਤੋਂ ਲਈ ਜੁਰਮਾਨਾ ਲਗਾਇਆ ਜਾ ਸਕਦਾ ਹੈ।

** ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਉਪਲਬਧ ਹੈ।

ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।
**ਇਕੱਠੇ ਮਿਲ ਕੇ ਅਸੀਂ ਅੱਗ ਤੋਂ ਸੁਰੱਖਿਅਤ ਰਹਿ ਸਕਦੇ ਹਾਂ।**